BRAMPTON

Media Release

ਤੁਰੰਤ ਰਿਲੀਜ ਲਈ

# ਨਵੀਂ ਵੈਬਸਾਈਟ InvestBrampton.ca ਲੋਕਲ ਕਾਰੋਬਾਰੀਆਂ, ਉੱਦਮੀਆਂ ਅਤੇ ਵਿਦੇਸ਼ੀ ਨਿਵੇਸ਼ਕਾਂ ਲਈ ਟੂਲਸ ਅਤੇ ਸਰੋਤ ਪ੍ਰਦਾਨ ਕਰਦੀ ਹੈ

ਬ੍ਰੈਂਪਟਨ, ਓਨਟੈਰੀਓ (3 ਜੂਨ, 2020) – ਅੱਜ, ਸਿਟੀ ਨੇ InvestBrampton.ca ਦੀ ਸ਼ੁਰੂਆਤ ਕੀਤੀ ਹੈ। ਇਹ ਇੱਕ ਨਵੀਂ ਵੈਬਸਾਈਟ ਹੈ, ਜੋ ਲੋਕਲ ਕਾਰੋਬਾਰੀਆਂ, ਉੱਦਮੀਆਂ ਅਤੇ ਸੰਭਾਵੀ ਵਿਦੇਸ਼ੀ ਨਿਵੇਸ਼ਕਾਂ ਲਈ ਕੇਂਦਰੀਕ੍ਰਿਤ ਔਨਲਾਈਨ ਸਰੋਤ ਪ੍ਰਦਾਨ ਕਰਦੀ ਹੈ, ਤਾਂ ਜੋ ਉਹ ਬ੍ਰੈਂਪਟਨ ਵਿੱਚ ਆਪਣਾ ਕਾਰੋਬਾਰ ਸਥਾਪਤ ਕਰਨ ਜਾਂ ਵਧਾਉਣ ਲਈ ਲੋੜੀਂਦੀ ਜਾਣਕਾਰੀ ਅਤੇ ਸਰੋਤਾਂ ਤੱਕ ਪਹੁੰਚ ਪ੍ਰਾਪਤ ਕਰ ਸਕਣ। ਨਵੀਂ InvestBrampton.ca ਵੈਬਸਾਈਟ, ਸਿਟੀ ਦੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ (City's Economic Recovery Strategy) ਲਈ ਕੀਤੀ ਜਾਣ ਵਾਲੀ ਤੁਰੰਤ ਕਾਰਵਾਈ ਨੂੰ ਉਜਾਗਰ ਕਰਦੀ ਹੈ।

ਦੋ ਪੱਖੀ ਵਿਚਾਰ-ਵਟਾਂਦਰੇ ਤੇ ਕੇਂਦਰਿਤ ਇਹ ਵੈਬਸਾਈਟ, ਸਾਈਟ ਦੀ ਚੋਣ ਕਰਨ ਵਾਲਿਆਂ, ਸੰਭਾਵੀ ਨਿਵੇਸ਼ਕਾਂ ਅਤੇ ਲੋਕਲ ਕਾਰੋਬਾਰੀਆਂ ਲਈ, ਤੁਰੰਤ ਅਤੇ ਅਸਾਨੀ ਨਾਲ ਜਾਣਕਾਰੀ ਪ੍ਰਾਪਤ ਕਰਨ ਅਤੇ ਮਾਹਰ ਸਲਾਹਕਾਰਾਂ ਨਾਲ ਜੁੜਨ ਨੂੰ ਅਸਾਨ ਬਣਾਉਂਦੀ ਹੈ। ਇਸ ਦੀਆਂ ਨਵੀਂ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹਨ: ਕੇਂਦਰੀ ਸਰੋਤ ਪੇਜ, ਸਾਈਟ ਚੋਣ ਟੂਲ ਅਤੇ ਨਿਵੇਸ਼ ਸੇਵਾਵਾਂ ਦੀ ਨਵੀਂ ਟੀਮ ਤੱਕ ਸਿੱਧੀ ਪਹੁੰਚ। ਇਹ ਟੀਮ ਸੰਭਾਵੀ ਨਿਵੇਸ਼ਕਾਂ ਲਈ ਇੱਕ ਵਿਅਕਤੀਗਤ, ਅਨੁਕੂਲਿਤ ਸੇਵਾ ਪ੍ਰਦਾਨ ਕਰਦੀ ਹੈ। ਇਸ ਸਾਈਟ ਤੇ ਲਾਈਵ ਚੈਟ ਵੀ ਕੀਤੀ ਜਾ ਸਕਦੀ ਹੈ।

13 ਮਈ ਨੂੰ, ਬ੍ਰੈਂਪਟਨ ਕਾਉਂਸਿਲ (Brampton Council) ਨੇ, ਲੋਕਲ ਅਰਥਚਾਰੇ ਨੂੰ ਦੁਬਾਰਾ ਬਹਾਲ ਕਰਨ ਵੱਲ ਅੱਗੇ ਵਧਣ ਵਿੱਚ ਸਿਟੀ ਲਈ ਫ੍ਰੇਮਵਰਕ ਦੇ ਤੌਰ ਤੇ, ਇਕੋਨੋਮਿਕ ਰਿਕਵਰੀ ਸਟ੍ਰੈਟਜੀ (Economic Recovery Strategy) ਨੂੰ ਮਨਜ਼ੂਰੀ ਦਿੱਤੀ ਸੀ। ਮੇਅਰਸ ਕੋਵਿਡ-19 ਇਕੋਨੋਮਿਕ ਸਪੋਰਟ ਟਾਸਕ ਫੋਰਸ (Economic Support Task Force) ਨੇ ਸਿਟੀ ਦੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ ਦੇ ਵਿਕਾਸ ਦਾ ਮਾਰਗਦਰਸ਼ਨ ਕੀਤਾ ਸੀ। ਇਹ ਚਾਰ ਆਧਾਰਾਂ: ਨਵੀਨਤਾ, ਟੈਕਨੋਲੋਜੀ ਅਤੇ ਐਂਟਰਪ੍ਰੀਨੀਅਰਸ਼ਿਪ, ਨਿਵੇਸ਼, ਇੰਫਰਾਸਟ੍ਰਕਚਰ ਅਤੇ ਕਲਾ, ਸੱਭਿਆਚਾਰ ਅਤੇ ਟੂਰਿਜਮ ਵਿੱਚੋਂ ਹਰੇਕ ਦੇ ਅਧੀਨ ਕਾਰਵਾਈਆਂ ਲਾਗੂ ਕਰਕੇ ਹਾਸਲ ਕੀਤੀ ਜਾਵੇਗੀ।

ਬ੍ਰੈਂਪਟਨ ਦੇ ਅਰਥਚਾਰੇ ਦੀ ਬਹਾਲੀ ਨੂੰ ਸਹਿਯੋਗ ਕਰਨ ਲਈ, ਹਾਲ ਵਿੱਚ ਹੀ ਸ਼ੁਰੂ ਕੀਤੀਆਂ ਹੋਰ ਪਹਿਲਕਦਮੀਆਂ ਵਿੱਚ ਸ਼ਾਮਲ ਹਨ, ਸਿਟੀ ਦੀ ਸਪੋਰਟ ਲੋਕਲ ਮੁਹਿੰਮ (Support Local campaign) ਅਤੇ ਡਿਜੀਟਲ ਸ਼ੌਪਹੇਅਰ ਪ੍ਰੋਗਰਾਮ (digital ShopHERE program)।

ਬ੍ਰੈਂਪਟਨ ਵਿੱਚ ਲਗਭਗ 74,000 ਕਾਰੋਬਾਰੀ ਹਨ। 2019 ਵਿੱਚ, ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre) ਨੇ ਲਗਭਗ 1,000 ਛੋਟੇ ਕਾਰੋਬਾਰੀਆਂ ਨੂੰ ਮਸ਼ਵਰੇ ਦਿੱਤੇ ਸਨ ਅਤੇ 10,000 ਤੋਂ ਵੱਧ ਛੋਟੇ ਕਾਰੋਬਾਰੀਆਂ ਦੇ ਸਵਾਲਾਂ ਦਾ ਜਵਾਬ ਦਿੱਤਾ ਸੀ।

**ਹਵਾਲੇ**

"ਅਸੀਂ ਬ੍ਰੈਂਪਟਨ ਦੀ ਆਰਥਿਕ ਬਹਾਲੀ ਤੇ ਲਗਾਤਾਰ ਕੰਮ ਕਰ ਰਹੇ ਹਾਂ, ਇਸਲਈ ਅਸੀਂ ਪੂਰਾ ਧਿਆਨ ਇਸ ਕੰਮ ਤੇ ਲਗਾਵਾਂਗੇ ਕਿ ਸਾਡੇ ਮੌਜੂਦਾ ਕਾਰੋਬਾਰੀ ਇੱਥੇ ਹੀ ਕਾਰੋਬਾਰ ਕਰਦੇ ਰਹਿਣ ਅਤੇ ਇਸਨੂੰ ਵਧਾਉਣ। ਨਾਲ ਹੀ, ਅਸੀਂ ਸਾਡੀ ਸਿਟੀ ਵਿੱਚ ਨਵਾਂ ਨਿਵੇਸ਼ ਲਿਆਉਣ ਤੇ ਵੀ ਪੂਰਾ ਧਿਆਨ ਦੇਵਾਂਗੇ। ਇਹ ਨਵੀਂ ਵੈਬਸਾਈਟ ਉਹਨਾਂ ਤਰੀਕਿਆਂ ਵਿੱਚੋਂ ਇੱਕ ਹੈ, ਜਿਸ ਨਾਲ ਅਸੀਂ ਸਾਡੇ ਮੌਜੂਦਾ ਕਾਰੋਬਾਰੀਆਂ ਦੀ ਮਦਦ ਕਰਾਂਗੇ। ਇਹ ਵੈਬਸਾਈਟ ਕਈ ਫਾਇਦੇ ਉਜਾਗਰ ਕਰੇਗੀ, ਜੋ ਬ੍ਰੈਂਪਟਨ ਸ਼ਾਨਦਾਰ ਨਿਵੇਸ਼ ਜਗ੍ਹਾ ਦੇ ਤੌਰ ਤੇ ਪੇਸ਼ ਕਰਦਾ ਹੈ!"

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

“ਕੋਵਿਡ-19 ਤੋਂ ਆਰਥਿਕ ਬਹਾਲੀ ਵੱਲ ਅੱਗੇ ਵਧਦੇ ਹੋਏ, ਸਾਨੂੰ ਸੰਭਾਵੀ ਨਿਵੇਸ਼ਕਾਂ, ਖਾਸ ਕਰਕੇ ਵਿਦੇਸ਼ੀ ਨਿਵੇਸ਼ਕਾਂ ਨਾਲ ਜੁੜਨ ਦੇ ਨਵੇਂ ਤਰੀਕੇ ਲੱਭਣ ਦੀ ਲੋੜ ਹੈ। ਸਾਨੂੰ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਨਵੇਂ ਤਰੀਕੇ ਦੇ ਤੌਰ ਤੇ, ਆਪਣੇ ਦ੍ਰਿਸ਼ਟੀਕੋਣ ਨੂੰ ਫੌਰਨ ਡਾਇਰੈਕਟ ਇਨਵੈਸਟਮੈਂਟ ਮਿਸ਼ਨਾਂ ਵਿੱਚ ਬਦਲਣ ਦੀ ਲੋੜ ਹੋਵੇਗੀ। ਵੈਬਸਾਈਟ investbrampton.ca ਨਾਲ, ਆਮ੍ਹਣੇ-ਸਾਮ੍ਹਣੇ ਗੱਲਬਾਤ ਕਰਨ ਅਤੇ ਸਬੰਧ ਬਣਾਉਣ ਦੇ ਸਾਡੇ ਯਤਨਾਂ ਤੋਂ ਇਲਾਵਾ, ਸਾਡੇ ਸੰਭਾਵੀ ਨਿਵੇਸ਼ਕ ਅਸਾਨੀ ਨਾਲ ਅਤੇ ਇੱਕ ਥਾਂ ਤੇ ਹੀ, ਲੋੜੀਂਦੀ ਸ਼ੁਰੂਆਤੀ ਜਾਣਕਾਰੀ ਲੈ ਸਕਣਗੇ।”

– *ਪਾੱਲ ਵਿਸੇਂਟ (Paul Vicente), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਕੋ-ਚੇਅਰ, ਮੇਅਰਸ ਕੋਵਿਡ-19 ਇਕੋਨੋਮਿਕ ਸਪੋਰਟ ਟਾਸਕ ਫੋਰਸ*

“ਕੋਵਿਡ-19 ਦੇ ਦੌਰਾਨ, ਇਕੋਨੋਮਿਕ ਸਪੋਰਟ ਟਾਸਕ ਫੋਰਸ, ਲੋਕਲ ਕਾਰੋਬਾਰੀਆਂ ਦੇ ਨਾਲ, ਪੂਰੀ ਮਿਹਨਤ ਨਾਲ ਕੰਮ ਕਰਦੀ ਰਹੀ ਹੈ। ਇਹ ਇਸ ਸਹਿਯੋਗ ਨੂੰ ਕਾਇਮ ਰੱਖਣ ਲਈ ਵਚਨਬੱਧ ਹੈ, ਤਾਂ ਜੋ ਸਾਡਾ ਲੋਕਲ ਅਰਥਚਾਰਾ ਬਹਾਲ ਹੋ ਸਕੇ ਅਤੇ ਮਜ਼ਬੂਤ ਬਣ ਸਕੇ। ਸਾਡੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ, ਅੱਗੇ ਵਧਣ ਵਿੱਚ ਸਾਡੀ ਸਿਟੀ ਦੇ ਲਚਕਦਾਰ ਅਤੇ ਮੁਕਾਬਲੇਦਾਰ ਫਾਇਦੇ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ।”

– *ਮਾਈਕਲ ਪਲੇਸ਼ੀ (Michael Palleschi), ਰੀਜਨਲ ਕਾਊਂਸਲਰ, ਵਾਰਡਸ 2 ਅਤੇ 6; ਕੋ-ਚੇਅਰ, ਮੇਅਰਸ ਕੋਵਿਡ-19 ਇਕੋਨੋਮਿਕ ਸਪੋਰਟ ਟਾਸਕ ਫੋਰਸ*

“ਪੂਰੇ ਦੇਸ਼ ਦੇ ਕਾਰੋਬਾਰੀਆਂ ਅਤੇ ਸੰਗਠਨਾਂ ਵਾਂਗ ਹੀ, ਸਾਡੀ ਸਿਟੀ ਨੇ ਕੋਵਿਡ-19 ਦੇ ਨਕਾਰਾਤਮਕ ਆਰਥਿਕ ਅਸਰ ਮਹਿਸੂਸ ਕੀਤੇ ਹਨ। ਅੱਗੇ ਵਧਣ ਵਿੱਚ, ਆਰਥਿਕ ਬਹਾਲੀ ਸਾਡੇ ਲਈ ਮੁੱਖ ਫੋਕਸ ਹੈ। ਅਸੀਂ ਕਈ ਤਰ੍ਹਾਂ ਦੀਆਂ ਪਹਿਲਕਦਮੀਆਂ ਤੇ ਵਿਚਾਰ ਕਰਾਂਗੇ, ਜੋ ਮਿਲ ਕੇ ਸਾਨੂੰ ਅੱਗੇ ਵਧਾਉਣਗੀਆਂ।”

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca